ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-6 ਸ਼ਾਖਾ)

ਸੇਵਾ ਵਿਖੇ

ਸਮੂਹ ਡਿਪਟੀ ਕਮਿਸ਼ਨਰਜ਼,
ਪੰਜਾਬ।

ਮੀਮੋ ਨੰ: 11/62/17-5ਸਿ6/1053962/1
ਮਿਤੀ: 31-08-2017

ਵਿਸ਼ਾ: ਸਾਇੰਸ/ਹਿਸਾਬ ਅਧਿਆਪਕਾਂ ਦੀ ਬਤੌਰ ਬੀ.ਐਲ.ਓ/ਸਰਵੇਖਣ ਡਿਊਟੀ ਲਗਾਉਣ ਸਬੰਧੀ।

ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

ਅਧਿਆਪਕ ਯੂਨੀਅਨਾਂ ਦੁਆਰਾ ਨਿਮਨ-ਹਸਤਾਖਰੀ ਤੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਡਿਪਟੀ ਕਮਿਸ਼ਨਰਜ਼/ਐਸ.ਡੀ.ਐਮਜ਼ ਦੁਆਰਾ ਵੱਖ-ਵੱਖ ਜ਼ਿਲ੍ਹਿਆਂ ਵਿੱਚ ਤਾਇਤਾਨ ਅਧਿਆਪਕਾਂ ਵਿਸ਼ੇਸ਼ਕਰ ਸਾਇੰਸ ਅਤੇ ਹਿਸਾਬ ਦੇ ਅਧਿਆਪਕਾਂ ਦੀਆਂ ਚੋਣਾਂ ਨਾਲ ਸਬੰਧਤ ਵੱਖੋ-ਵੱਖ ਕੰਮਾਂ ਲਈ ਬਹੁਗਿਣਤੀ ਵਿੱਚ ਡਿਊਟੀਆਂ ਲਗਾ ਦਿੱਤੀਆਂ ਜਾਂਦੀਆਂ ਹਨ, ਅਜਿਹਾ ਹੋਣ ਨਾਲ ਸਕੂਲ ਖਾਲ੍ਹੀ ਹੋ ਜਾਂਦੇ ਹਨ। ਖਾਸ ਤੌਰ ਤੇ ਸਕੂਲਾਂ ਦੇ ਵਿੱਚ ਕੰਮ ਕਰਦੇ ਸਾਇੰਸ ਅਤੇ ਹਿਸਾਬ ਵਿਸ਼ੇ ਦੇ ਅਧਿਆਪਕਾਂ ਦੀਆਂ ਚੋਣਾਂ ਵਿੱਚ ਡਿਊਟੀਆਂ ਲੱਗਣ ਕਾਰਣ, ਇਹਨਾਂ ਵਿਸ਼ਿਆਂ ਦੀ ਪੜ੍ਹਾਈ ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਇਹ ਦੋਵੇਂ ਵਿਸ਼ੇ ਬਹੁਤ ਹੀ ਮਹੱਤਵਪੂਰਨ ਹਨ। ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਾਇੰਸ ਅਤੇ ਹਿਸਾਬ ਵਿਸ਼ੇ ਦੇ ਅਧਿਆਪਕਾਂ ਦੀਆਂ ਡਿਊਟੀਆਂ ਬਤੌਰ ਬੀ.ਐਲ.ਓ ਜਾਂ ਚੋਣਾਂ ਨਾਲ ਸਬੰਧਤ ਹੋਰ ਦੂਸਰੇ ਕੰਮਾਂ ਲਈ ਨਾ ਲਗਾਈਆਂ ਜਾਣ। ਜਿਥੇ ਕਿਤੇ ਇਹਨਾਂ ਵਿਸ਼ਿਆਂ ਦੇ ਅਧਿਆਪਕਾਂ ਦੀਆਂ ਪਹਿਲਾਂ ਹੀ ਡਿਊਟੀਆਂ ਲਗਾਈਆਂ ਹੋਈਆਂ ਹਨ, ਉਥੇ ਕਿਸੇ ਹੋਰ ਮੁਲਾਜ਼ਮ ਦੀ ਡਿਊਟੀ ਲਗਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਅਧਿਆਪਕ ਜਥੇਬੰਦੀਆਂ ਦੁਆਰਾ ਇਹ ਵੀ ਗੱਲ ਸਰਕਾਰ ਦੇ ਧਿਆਨ ਵਿੱਚ ਲਿਆਂਦੀ ਗਈ ਹੈ ਕਿ ਸਿੱਖਿਆ ਵਿਭਾਗ ਦੇ ਮੁਲਾਜ਼ਮਾਂ ਦੀਆਂ ਡਿਊਟੀਆਂ ਸਭ ਤੋਂ ਜ਼ਿਆਦਾ ਗਿਣਤੀ ਵਿੱਚ ਲਗਾਈਆਂ ਜਾਂਦੀਆਂ ਹਨ, ਜਦੋਂ ਕਿ ਦੂਸਰੇ ਵਿਭਾਗਾਂ ਦੇ ਮੁਲਾਜ਼ਮਾਂ ਦੀਆਂ ਡਿਊਟੀਆਂ ਘੱਟ ਗਿਣਤੀ ਵਿੱਚ ਲਗਾਈਆਂ ਜਾਂਦੀਆਂ ਹਨ। ਅਜਿਹਾ ਹੋਣ ਨਾਲ ਅਧਿਆਪਕਾਂ ਨੂੰ ਮਜਬੂਰੀਵਸ ਸਕੂਲ ਤੋਂ ਬਾਹਰ ਰਹਿਣਾ ਪੈਂਦਾ ਹੈ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ। ਇਸ ਸਬੰਧ ਵਿਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ

ਸਿੱਖਿਆ ਵਿਭਾਗ ਦੇ ਮੁਲਾਜ਼ਮਾਂ ਦੀ ਚੋਣਾਂ ਦੌਰਾਨ ਡਿਊਟੀ ਲਗਾਈ ਹੀ ਜਾਣੀ ਹੈ, ਤਾਂ ਅੱਗੇ ਤੋਂ ਦੂਜੇ ਵਿਭਾਗਾਂ ਦੇ ਮੁਲਾਜ਼ਮਾਂ ਦੀ ਗਿਣਤੀ ਨਾਲ ਤੁਲਨਾ ਕਰਦੇ ਹੋਏ ਬਰਾਬਰ ਅਨੁਪਾਤ ਵਿੱਚ ਚੋਣ ਡਿਊਟੀ ਲਗਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਣ ਨੰ: 11/62/17-5ਸਿ6/1053962/2-7 ਮਿਤੀ :ਐਸ.ਏ.ਐਸ.ਨਗਰ: 31-08-17

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :

1. ਡਾਇਰੈਕਟਰ, ਜਨਰਲ ਸਕੂਲ ਸਿੱਖਿਆ ਪੰਜਾਬ, ਐਸ.ਏ.ਐਸ.ਨਗਰ ।
2. ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ.) ਪੰਜਾਬ, ਐਸ.ਏ.ਐਸ.ਨਗਰ ।
3. ਡਾਇਰੈਕਟਰ, ਸਿੱਖਿਆ ਵਿਭਾਗ (ਐ:ਸਿ.) ਪੰਜਾਬ, ਐਸ.ਏ.ਐਸ.ਨਗਰ।
4. ਡਾਇਰੈਕਟਰ, ਐਸ.ਸੀ.ਈ.ਆਰ.ਟੀ ਪੰਜਾਬ, ਐਸ.ਏ.ਐਸ.ਨਗਰ ।
5. ਮੰਡਲ ਸਿੱਖਿਆ ਅਫਸਰ, ਜਲੰਧਰ, ਨਾਭਾ ਅਤੇ ਫਰੀਦਕੋਟ ।
6. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ.), ਪੰਜਾਬ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਜ਼ ਤੋਂ ਪੱਤਰ ਵਿੱਚ ਅੰਕਿਤ ਅਨੁਸਾਰ ਜਿਹਨਾਂ ਸਾਇੰਸ/ਹਿਸਾਬ ਅਧਿਆਪਕਾਂ ਦੀ ਬਤੌਰ ਬੀ.ਐਲ.ਓ ਜਾਂ ਹੋਰ ਲੰਬੀ ਡਿਊਟੀ ਲੱਗੀ ਹੈ, ਦੀ ਰਿਪਲੇਸਮੈਂਟ ਦੂਸਰੇ ਵਿਸ਼ੇ ਦੇ ਅਧਿਆਪਕਾਂ (ਸੀ.ਐਂਡ.ਵੀ) ਨਾਲ ਕਰਵਾ ਲਈ ਜਾਵੇ ।

ਸਕੱਤਰ ਸਕੂਲ ਸਿੱਖਿਆ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਅੰਮ੍ਰਿਤਸਰ

ਪੱਤਰ ਨੰ: ਈ3/2017/1005-06 ਮਿਤੀ: 7/9/17

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਜ਼ਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(1) ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਜੀ ਨੂੰ ਸਮੂਹ ਚੋਣਕਾਰ ਰਜਿਸਟਰੇਸ਼ਨ ਅਫਸਰਾਂ ਨੂੰ ਸਰਕੂਲੇਟ ਕਰਨ ਹਿੱਤ।

(2) ਜ਼ਿਲ੍ਹੇ ਦੇ ਸਮੂਹ ਸਕੂਲ ਮੁਖੀਆਂ ਨੂੰ ਸੂਚਨਾ ਹਿੱਤ।

Distt. Education Officer (S.E.)
Amritsar.

7/9/17.